# ਲਾਇਸੈਂਸਿੰਗ, ਸਾਰਿਆਂ ਲਈ ਸੁਰੱਖਿਅਤ ਰੈਂਟਲਸ ਬਣਾਉਣਾ




## ਰੈਜ਼ੀਡੈਂਸ਼ੀਅਲ ਰੈਂਟਲ ਲਾਇਸੈਂਸਿੰਗ

### ਜਾਣਨ ਯੋਗ ਗੱਲਾਂ...

**ਜਦੋਂ ਤੁਸੀਂ ਵਸਨੀਕ, ਪ੍ਰਾਪਰਟੀ ਮਾਲਕ ਜਾਂ ਕਿਰਾਏਦਾਰ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਦੇ ਹੋ, ਤਾਂ ਸਾਡੇ ਸ਼ਹਿਰ ਵਿੱਚ ਜੀਵਨ ਦੀ ਕੁਆਲਿਟੀ ਨੂੰ ਕਾਇਮ ਰੱਖਣ ਵਿੱਚ ਮਦਦ ਮਿਲਦੀ ਹੈ।**

**ਰੈਜ਼ੀਡੈਂਸ਼ੀਅਲ ਰੈਂਟਲ ਲਾਇਸੈਂਸਿੰਗ ਪਾਇਲਟ ਪ੍ਰੋਗਰਾਮ**
ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਰੈਜ਼ੀਡੈਂਸ਼ੀਅਲ ਰੈਂਟਲ ਲਾਇਸੈਂਸਿੰਗ (ਆਰ.ਆਰ.ਐਲ.) (Residential Rental Licensing) (RRL) ਪਾਇਲਟ ਪ੍ਰੋਗਰਾਮ ਵਿੱਚ ਬਦਲਾਵਾਂ ਨੂੰ ਪ੍ਰਵਾਨਗੀ ਦਿੱਤੀ ਹੈ, ਜੋ 28 ਮਾਰਚ, 2024 ਤੋਂ ਲਾਗੂ ਹਨ, ਇਹਨਾਂ ਦਾ ਉਦੇਸ਼ ਰੈਂਟਲ ਪ੍ਰਾਪਰਟੀ ਸਟੈਂਡਰਡਾਂ ਵਿੱਚ ਵਾਧਾ ਕਰਨਾ ਅਤੇ ਵਸਨੀਕਾਂ ਦੀ ਸੁਰੱਖਿਆ ਅਤੇ ਭਲਾਈ ਨੂੰ ਯਕੀਨੀ ਬਣਾਉਣਾ ਹੈ। ਦੋ-ਸਾਲਾ ਪਾਇਲਟ ਪ੍ਰੋਗਰਾਮ ਨੂੰ, ਸ਼ੁਰੂ ਵਿੱਚ ਬ੍ਰੈਂਪਟਨ ਦੇ ਪੰਜ (5) 'ਕੇਂਦਰੀ' ਵਾਰਡਾਂ ਤੇ ਕੇਂਦਰਿਤ ਕੀਤਾ ਗਿਆ ਹੈ, ਜਿੱਥੇ ਇਤਿਹਾਸਕ ਰੂਪ ਨਾਲ ਜ਼ਿਆਦਾਤਰ ਉਲੰਘਣਾਵਾਂ ਹੋਈਆਂ ਸਨ। ਪ੍ਰੋਗਰਾਮ ਦੇ ਭਵਿੱਖ ਲਈ ਸੂਚਿਤ ਫੈਸਲੇ ਲੈਣ ਵਾਸਤੇ, ਅਗਲੇ ਦੋ ਸਾਲਾਂ ਵਿੱਚ ਪਾਇਲਟ ਪ੍ਰੋਗਰਾਮ ਦਾ ਮੁਆਇਨਾ ਕੀਤਾ ਜਾਵੇਗਾ।




Punjabi

BRAMPTON

**ਕਿਸ ਵਾਸਤੇ ਰੈਜੀਡੈਂਸ਼ੀਅਲ ਰੈਂਟਲ ਲਾਇਸੈਂਸ ਪ੍ਰਾਪਤ ਕਰਨਾ ਜ਼ਰੂਰੀ ਹੈ?**

- **ਰੈਂਟਲ ਪ੍ਰਾਪਰਟੀਜ, ਜੋ ਦੋ-ਸਾਲਾ ਪਾਇਲਟ ਪ੍ਰੋਗਰਾਮ ਦੇ ਦੌਰਾਨ ਵਾਰਡਾਂ 1, 3, 4, 5 ਅਤੇ 7 ਵਿੱਚ ਓਪਰੇਟ ਹੁੰਦੀਆਂ ਹਨ**
- ਉਹ ਪ੍ਰਾਪਰਟੀਜ, ਜਿਸ ਵਿੱਚ ਚਾਰ (4) ਜਾਂ ਘੱਟ ਯੂਨਿਟਾਂ ਕਿਰਾਏ ਤੇ ਦਿੱਤੀਆਂ ਜਾਂਦੀਆਂ ਹਨ
- ਰੈਂਟਲ ਹਾਊਸਿੰਗ ਯੂਨਿਟਾਂ ਦੇ ਮਾਲਕ
- ਰੈਂਟਲ ਹਾਊਸਿੰਗ ਯੂਨਿਟਾਂ ਦੇ ਓਪਰੇਟਰ
- ਰੈਂਟਲ ਹਾਊਸਿੰਗ ਯੂਨਿਟ ਵਜੋਂ ਵਰਤੀਆਂ ਜਾਂਦੀਆਂ ਜਾਂ ਇਸ ਤਰ੍ਹਾਂ ਦੀ ਵਰਤੋਂ ਦੇ ਉਦੇਸ਼ ਵਾਲੀਆਂ ਡਵੈਲਿੰਗ ਯੂਨਿਟਾਂ

**ਇੰਟੈਲੀਜੈਂਸ-ਸੰਚਾਲਿਤ ਜਾਂਚਾਂ ਕੀ ਹਨ?**

ਐਨਫੋਰਸਮੈਂਟ ਅਤੇ ਸਿਟੀ ਦੇ ਹੋਰ ਵਿਭਾਗ, ਸ਼ਹਿਰ ਦੇ ਅੰਦਰ ਓਪਰੇਟ ਹੋਣ ਵਾਲੀਆਂ ਸਾਰੀਆਂ ਰੈਂਟਲ ਯੂਨਿਟਾਂ ਦੀ ਸਮੀਖਿਆ ਕਰਨ ਲਈ ਇਕੱਠੇ ਮਿਲਕੇ ਕੰਮ ਕਰਨਗੇ ਅਤੇ ਨਿਰਧਾਰਤ ਕਰਨਗੇ ਕਿ ਉਹਨਾਂ ਯੂਨਿਟਾਂ ਦੀਆਂ ਜਾਂਚਾਂ ਕਰਨਾ ਕਦੋਂ ਸਹੀ ਰਹੇਗਾ, ਜੋ ਸ਼ਾਇਦ ਅਸੁਰੱਖਿਅਤ ਢੰਗ ਨਾਲ ਜਾਂ ਮੌਜੂਦਾ ਮਿਊਨਿਸਿਪਲ ਬਾਇ-ਲਾਅਜ ਦੇ ਵਿਰੁੱਧ ਓਪਰੇਟ ਹੋ ਰਹੀਆਂ ਹਨ।

**ਪਾਰਕਿੰਗ**

ਸਿਟੀ ਆਫ ਬ੍ਰੈਂਪਟਨ, ਸਿਟੀ ਦੀਆਂ ਸਟ੍ਰੀਟਸ ਤੇ ਪਾਰਕਿੰਗ ਪਰਮਿਟ ਨਹੀਂ ਦਿੰਦੀ।

ਪਾਰਕਿੰਗ ਦੀ ਇਜਾਜ਼ਤ ਨਹੀਂ ਹੈ:

- ਕਿਸੇ ਵੀ ਸਟ੍ਰੀਟ ਤੇ ਸਵੇਰੇ 2 ਵਜੇ ਅਤੇ 6 ਵਜੇ ਦੇ ਵਿਚਕਾਰ
- ਕਿਸੇ ਵੀ ਸਟ੍ਰੀਟ ਤੇ 3 ਘੰਟਿਆਂ ਤੋਂ ਵੱਧ
- ਰਿਹਾਇਸ਼ੀ ਸਟ੍ਰੀਟ ਤੇ, ਜੇਕਰ ਤੁਹਾਡੇ ਵਾਹਨ ਦੀ ਉੱਚਾਈ 2.6 ਮੀ. ਤੋਂ ਵੱਧ ਹੈ ਅਤੇ/ਜਾਂ ਲੰਮਾਈ 6.7 ਮੀ. ਤੋਂ ਵੱਧ ਹੈ, ਕਿਸੇ ਵੀ ਅਟੈਚਮੈਂਟਾਂ ਜਾਂ ਟ੍ਰੇਲਰਾਂ ਸਮੇਤ

ਪਾਰਕਿੰਗ ਸਬੰਧੀ ਆਮ ਅਪਰਾਧਾਂ ਦੀ ਸੂਚੀ, **brampton.ca**/EN/residents/Parking ਤੇ ਦੇਖੋ

**ਕੂੜਾ ਚੁੱਕਣ ਸਬੰਧੀ ਜਾਣਕਾਰੀ**

ਰੀਜਨ ਆਫ ਪੀਲ (Region of Peel), ਵਸਨੀਕਾਂ ਅਤੇ ਕਾਰੋਬਾਰਾਂ ਲਈ ਕੂੜਾ ਚੁੱਕਣ ਦੇ ਸਾਧਨ ਪ੍ਰਦਾਨ ਕਰਦੀ ਹੈ। ਕੂੜਾ ਚੁੱਕਣ ਸਬੰਧੀ ਜਾਣਕਾਰੀ ਲਈ, **peelregion.ca**/waste ਤੇ ਜਾਓ

ਆਰ.ਆਰ.ਐਲ. (RRL) ਪ੍ਰੋਗਰਾਮ ਅਤੇ ਫਾਰਮਾਂ ਬਾਰੇ ਵਧੇਰੇ ਵੇਰਵਿਆਂ ਲਈ, **brampton.ca**/rrl ਤੇ ਜਾਓ

**ਕੀ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ?**

311 ਤੇ ਫੋਨ ਕਰੋ